ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040115
Available online at: www.armaan.org.in
DOI: https://doi.org/10.64119/armaan.vol.4.issue1.15

# ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਾਤੀ ਪ੍ਰਥਾ ਦਾ ਖੰਡਨ: ਸਮਾਨਤਾ ਦੇ ਦਰਸ਼ਨ ਦੀ ਸਮੀਖਿਆ

# Shri Guru Granth Sahib Vich Jaati Pratha Da Khandan: Samanta De Darshan Di Samikheya

**ਗੁਰਪ੍ਰੀਤ ਸਿੰਘ (Gurpreet Singh)**
ਸਹਾਇਕ ਪ੍ਰੋਫੈਸਰ, ਇਤਿਹਾਸ
ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ (ਕਪੂਰਥਲਾ)
Email ID: gurpreet52946@gmail.com

**ਸ਼ਿਲਪਾ ਰਾਣੀ (Shilpa Rani)**
ਸਹਾਇਕ ਪ੍ਰੋਫੈਸਰ ਅਤੇ ਮੁਖੀ, ਇਤਿਹਾਸ ਵਿਭਾਗ
ਸਰਕਾਰੀ ਕਾਲਜ, ਮਲੇਰਕੋਟਲਾ (ਪੰਜਾਬ)
ਮੋਬਾਈਲ: +91-98559-35968

**ਸਾਰ (Abstract)**

*ਭਾਰਤੀ ਸਮਾਜ ਵਿੱਚ ਜਾਤੀ ਪ੍ਰਥਾ ਦੀ ਸਦੀਆਂ ਪੁਰਾਣੀ ਮੌਜੂਦਗੀ ਨੇ ਸਮਾਜ ਵਿੱਚ ਨਫ਼ਰਤ, ਵੱਖਵਾਦ ਅਤੇ ਅਸਮਾਨਤਾ ਪੈਦਾ ਕੀਤੀ। ਰਿਗਵੇਦ ਕਾਲ ਵਿੱਚ ਵਰਣ ਵੰਡ ਕਰਮ ਆਧਾਰਿਤ ਸੀ, ਪਰ ਉੱਤਰ ਵੈਦਿਕ ਕਾਲ ਤੋਂ ਜਨਮ ਆਧਾਰਿਤ ਵਰਣ ਪ੍ਰਣਾਲੀ ਨੂੰ ਅਪਣਾਇਆ ਗਿਆ, ਜਿਸ ਨੇ ਸਮਾਜਿਕ ਅਤੇ ਧਾਰਮਿਕ ਅਧਿਕਾਰਾਂ ਵਿੱਚ ਅਸਮਾਨਤਾ ਨੂੰ ਸਥਾਪਿਤ ਕੀਤਾ। ਮਨੂ ਸਮ੍ਰਿਤੀ ਅਤੇ ਹੋਰ ਧਾਰਮਿਕ ਪਾਠਾਂ ਨੇ ਇਸ ਵੱਖ-ਵੱਖ ਵਰਣਾਂ ਨੂੰ ਸਥਾਈ ਰੂਪ ਦੇ ਕੇ ਉੱਚ ਵਰਣਾਂ ਨੂੰ ਰਿਆਇਤ ਅਤੇ ਨੀਵੇਂ ਵਰਣਾਂ ਨੂੰ ਅਪਮਾਨਿਤ ਕੀਤਾ। ਇਸ ਪਿਛੋਕੜ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਜਾਤੀ ਪ੍ਰਥਾ ਦੇ ਖ਼ਿਲਾਫ਼ ਇੱਕ ਸਫਲ ਪ੍ਰਤੀਕਿਰਿਆ ਦਾ ਰੂਪ ਹੈ। ਗੁਰੂ ਸਾਹਿਬਾਨ ਨੇ ਸਮਾਜ ਵਿੱਚ ਬਰਾਬਰੀ, ਰੱਬੀ ਏਕਤਾ ਅਤੇ ਹਰੇਕ ਜੀਵ ਦੀ ਪਵਿੱਤਰਤਾ ਨੂੰ ਉਜਾਗਰ ਕਰਦੇ ਹੋਏ ਜਾਤੀ ਪ੍ਰਣਾਲੀ ਦਾ ਖ਼ਾਤਮਾ ਕੀਤਾ। ਲੰਗਰ, ਸੰਗਤ, ਪੰਗਤ, ਅੰਤਰਜਾਤੀ ਵਿਆਹ ਅਤੇ ਸਾਂਝੇ ਤੀਰਥ ਸਥਾਨਾਂ ਦੇ ਸਿਧਾਂਤਾਂ ਰਾਹੀਂ ਸਮਾਜਿਕ ਅਸਮਾਨਤਾ ਨੂੰ ਦੂਰ ਕਰਨ ਵਿੱਚ ਸਿੱਖ ਧਰਮ ਨੇ ਇੱਕ ਅਮੁੱਲ ਦ੍ਰਿਸ਼ਟੀਕੋਣ ਦਿਖਾਇਆ। ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਮਨੁੱਖਤਾ ਲਈ ਸੰਪੂਰਨ ਸੰਦੇਸ਼ ਦਿੱਤਾ ਗਿਆ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ' ਦੇ ਹੁਕਮ ਨਾਲ ਅਧਿਕਾਰਤ ਕੀਤਾ। ਇਸ ਪ੍ਰਕਿਰਿਆ ਨੇ ਭਾਰਤੀ ਸਮਾਜ ਵਿੱਚ ਜਾਤੀ ਅਤੇ ਧਾਰਮਿਕ ਅਸਮਾਨਤਾ ਦੇ ਖ਼ਿਲਾਫ਼ ਇਕ ਮਜ਼ਬੂਤ ਮਾਡਲ ਸਥਾਪਿਤ ਕੀਤਾ।*

*ਕੀਵਰਡ (Keyword): ਵਰਣ- ਵਿਵਸਥਾ, ਜਾਤੀ- ਪ੍ਰਥਾ, ਸਮਾਜਿਕ ਅਸਮਾਨਤਾ, ਸ਼੍ਰੀ ਗੁਰੂ ਗ੍ਰੰਥ ਸਾਹਿਬ, ਲੰਗਰ, ਪੰਗਤ, ਸੰਗਤ, ਭਾਈਚਾਰਾ।*

## ਭਾਰਤੀ ਸਮਾਜ ਵਿੱਚ ਜਾਤੀ ਪ੍ਰਥਾ

ਮਨੁੱਖ ਨੇ ਆਪਣੇ ਆਰੰਭਿਕ ਕਾਲ ਤੋਂ ਹੀ ਆਪਣੇ ਰਸਤੇ ਵਿੱਚ ਆਉਣ ਵਾਲੀਆਂ ਹਰ ਵਿਰੋਧੀ ਪ੍ਰਸਥਿਤੀਆਂ, ਵਸਤੂਆਂ, ਜੀਵਾਂ ਅਤੇ ਬਿਮਾਰੀਆਂ ਆਦਿ ਤੇ ਕਾਬੂ ਪਾ ਕੇ ਆਪਣੀ ਸਰਵਉੱਚਤਾ ਅਤੇ ਸ੍ਰੇਸ਼ਟਤਾ ਨੂੰ ਸਾਬਿਤ ਕੀਤਾ ਹੈ। ਆਪਣੀ ਇਸੇ ਸ੍ਰੇਸ਼ਟਤਾ ਦੀ ਇੱਛਾ ਕਾਰਨ ਮਨੁੱਖ ਦੂਜੇ ਮਨੁੱਖਾਂ ਦਾ ਸ਼ੋਸ਼ਣ ਕਰਨ ਤੋਂ ਵੀ ਨਹੀਂ ਝਿਜਕਿਆ। ਮਨੁੱਖੀ ਇਤਿਹਾਸ ਵਿੱਚ ਹੁਣ ਤੱਕ ਹੋਏ ਅਨੇਕ ਹੀ ਭਿਆਨਕ ਯੁੱਧ, ਸਮਾਜ ਦੀ ਵਰਗ ਵੰਡ, ਗੁਲਾਮਾਂ ਦਾ ਵਪਾਰ, ਜਾਗੀਰਦਾਰੀ ਪ੍ਰਥਾ ਆਦਿ ਇਸੇ ਹੀ ਇੱਛਾ ਦੇ ਫਲਸਰੂਪ ਹੋਂਦ ਵਿੱਚ ਆਏ। ਇਸੇ ਹੀ ਕੜੀ ਵਿੱਚ ਆਉਣ ਵਾਲੀ ਇੱਕ ਹੋਰ ਅਲਾਮਤ ਹੈ ਭਾਰਤੀ ਸਮਾਜ ਵਿੱਚ ਵੱਖ-ਵੱਖ ਸਮਿਆਂ ਵਿਚਲੀ ਜਾਤੀ ਪ੍ਰਥਾ ਅਤੇ ਇਸ ਦੇ ਆਧਾਰ ਤੇ ਹੋਣ ਵਾਲਾ ਵਿਤਕਰਾ, ਜੋ ਕਿ ਲੰਮੇ ਸਮੇਂ ਤੋਂ ਮਨੁੱਖਾਂ ਅੰਦਰ ਘ੍ਰਿਣਾ ਅਤੇ ਆਪਸੀ ਭੇਦਭਾਵ ਦੀ ਲਕੀਰ ਖਿੱਚਦਾ ਆ ਰਿਹਾ ਹੈ। *ਜਾਤੀ ਦਾ ਅੱਖਰੀ ਅਰਥ ਹੈ- ਜਨਮ, ਕੁਲ, ਵਰਗ, ਪ੍ਰਜਾਤੀ।* [1] ਇਹ ਮਨੁੱਖ ਦੀ ਉਸ ਜਾਤੀ ਵੱਲ ਸੰਕੇਤ ਕਰਦਾ ਹੈ ਜੋ ਜਨਮ, ਕਿੱਤੇ ਜਾਂ ਕਿਸੇ ਹੋਰ ਕਾਰਨ ਉੱਤੇ ਅਧਾਰਿਤ ਹੋ ਸਕਦੀ ਹੈ। ਵਰਨ ਕੇਵਲ ਚਾਰ ਹਨ, ਜਦਕਿ ਜਾਤਾਂ ਬਹੁਤ ਸਾਰੀਆਂ ਹਨ। ਵਰਗ ਨਿਸ਼ਚਿਤ ਤੇ ਪੱਕੇ ਹਨ, ਜਾਤਾਂ ਬਣਦੀਆਂ ਤੇ ਢਹਿੰਦੀਆਂ ਰਹਿੰਦੀਆਂ ਹਨ ਤੇ ਲਚਕਦਾਰ ਹਨ। ਚਾਰ ਵਰਨਾਂ ਦਾ ਦਾਰਸ਼ਨਿਕ ਆਧਾਰ ਧਾਰਮਿਕ ਨੀਂਹ ਤੇ ਸ਼ਕਤੀ ਹੈ, ਬਹੁਤ ਸਾਰੀਆਂ ਜਾਤਾਂ ਦੀ ਕੋਈ ਵਿਸ਼ੇਸ਼ ਧਾਰਮਿਕ ਨੀਹ ਨਹੀਂ ਹੈ ਉਹ ਬਿਲਕੁਲ ਸਮਾਜਿਕ ਤੇ ਆਰਥਿਕ ਸਮੂਹ ਹਨ, ਜਿਨਾਂ ਦਾ ਆਧਾਰ ਕਟੁੰਬੀ ਸੰਬੰਧਾਂ ਕਿਰਤ ਵਿਰਤ ਜਾਂ ਕਿੱਤੇ ਉੱਤੇ ਨਿਰਭਰ ਹੈ।

ਮਹਾਨ ਕੋਸ਼ ਅਨੁਸਾਰ *ਵਰਣ ਸ਼ਬਦ ਦਾ ਅਰਥ ਹੈ- ਰੰਗ।* [2] ਇੱਕ ਮਤ ਅਨੁਸਾਰ ਪਹਿਲਾਂ ਪਹਿਲ ਰੰਗ ਦੇ ਆਧਾਰ ਤੇ ਸਮਾਜਿਕ ਵੰਡ ਨੂੰ ਵਰਨ ਵਿਵਸਥਾ ਕਿਹਾ ਜਾਂਦਾ ਸੀ। *ਕਿਉਂਕਿ ਬ੍ਰਾਹਮਣਾਂ ਦਾ ਰੰਗ ਗੋਰਾ, ਛੱਤਰੀ ਦਾ ਲਾਲ, ਵੈਸ਼ ਦਾ ਪੀਲਾ ਅਤੇ ਸ਼ੂਦਰ ਦਾ ਕਾਲਾ ਮੰਨਿਆ ਜਾਂਦਾ ਹੈ।* [3]

ਚਾਰ ਵਰਣਾਂ ਦਾ ਸਪਸ਼ਟ ਉਲੇਖ ਸਭ ਤੋਂ ਪਹਿਲਾਂ ਰਿਗਵੇਦ ਕਾਲ ਵਿੱਚ ਮਿਲਦਾ ਹੈ, ਜਿੱਥੇ ਬ੍ਰਾਹਮਣਾਂ ਨੂੰ ਬ੍ਰਹਮਾ ਦੇ ਮੂੰਹ ਤੋਂ, ਛਤਰੀ ਨੂੰ ਬਾਹਵਾਂ ਤੋਂ, ਵੈਸ਼ਾਂ ਨੂੰ ਪੱਟਾਂ ਤੋਂ ਅਤੇ ਸ਼ੂਦਰਾਂ ਨੂੰ ਬ੍ਰਹਮਾ ਦੇ ਪੈਰਾਂ ਤੋਂ ਪੈਦਾ ਹੋਇਆ ਮੰਨਿਆ ਹੈ।

*ਬ੍ਰਾਹਮਣੋऽਸਯ ਮੁਖਮਾਸੀਦ੍ ਬਾਹੂ ਰਾਜਨਯਃ ਕ੍ਰਿਤਃ।*
*ਊਰੂ ਤਦਸਯ ਯਦ੍ਵੈਸ਼ਯਃ ਪਦ੍ਭਯਾਂ ਸ਼ੂਦ੍ਰੋ ਅਜਾਯਤ॥* [4]

ਪਹਿਲੀ ਵਾਰ 'ਸ਼ੂਦਰ' ਸ਼ਬਦ ਦਾ ਉਲੇਖ ਵੀ ਇੱਥੇ ਹੀ ਮਿਲਦਾ ਹੈ, ਪਰ ਰਿਗਵੇਦ ਵਿੱਚ ਇਹ ਵਰਨ ਵੰਡ ਕਰਮ ਆਧਾਰਿਤ ਸੀ। ਕੋਈ ਵੀ ਆਪਣੇ ਪੇਸ਼ੇ ਦੇ ਆਧਾਰ ਤੇ ਆਪਣਾ ਵਰਨ ਬਦਲ ਸਕਦਾ ਸੀ। *ਇੱਕ ਸਮੇਂ ਤੱਕ ਖਾਣ-ਪੀਣ ਦੇ ਪੱਖ ਤੋਂ ਵੀ ਵਰਨ ਤੇ ਅਧਾਰਿਤ ਕੋਈ ਰੋਕ ਨਹੀਂ ਸੀ ਅਤੇ ਵਿਆਹ ਵੀ ਸਾਰੇ ਵਰਣ*

*ਦੇ ਮਨੁੱਖ ਇੱਕ ਦੂਜੇ ਵਰਨ ਨਾਲ ਕਰਦੇ ਸਨ।* [5] ਇਸ ਪ੍ਰਕਾਰ ਇਸ ਕਾਲ ਦੀ ਵਰਣ ਵਿਵਸਥਾ ਸਖਤ ਨਹੀਂ ਸੀ।

ਇਸ ਤੋਂ ਪਿੱਛੋਂ ਉੱਤਰ ਵੈਦਿਕ ਕਾਲ ਆਉਂਦਾ ਹੈ, ਜਿਸ ਵਿੱਚ ਵਰਣ ਵੰਡ ਕਰਮ ਤੋਂ ਹਟ ਕੇ ਜਨਮ ਤੇ ਅਧਾਰਿਤ ਦਿਖਾਈ ਦਿੰਦੀ ਹੈ, ਪਰ ਇਹ ਜਾਤਾਂ ਨਹੀਂ ਸਨ। ਉੱਤਰ ਵੈਦਿਕ ਕਾਲ ਵਿੱਚ ਹਿੰਦੂਆਂ ਦੇ ਚਾਰ ਵਰਣਾਂ ਤੋਂ ਇਲਾਵਾ ਇੱਕ ਹੋਰ ਵਰਗ ਹੋਂਦ ਵਿੱਚ ਆਇਆ, ਜੋ ਸੀ ਅਛੂਤ; ਇਸਦੀ ਗਿਣਤੀ ਕਿਸੇ ਵਰਨ ਵਿੱਚ ਨਹੀਂ ਸੀ ਹੁੰਦੀ। *ਅਛੂਤ ਉਹਨਾਂ ਨੂੰ ਕਿਹਾ ਜਾਂਦਾ ਸੀ ਜਿਹੜੇ ਅੰਤਰੀਵੀ ਗੁਣਾ ਕਰਕੇ ਦੂਸ਼ਿਤ, ਕਲੰਕਿਤ ਜਾਂ ਜਾਤ ਪਾਤ ਦੇ ਰੁਤਬੇ ਤੋਂ ਬਾਹਰ ਹੁੰਦੇ ਸਨ।* [6] ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਨ੍ਹਾਂ ਦੇ ਸੰਪਰਕ ਨਾਲ ਧਾਰਮਿਕ ਅਤੇ ਸਮਾਜਿਕ ਸ਼ੁੱਧਤਾ ਭੰਗ ਹੋ ਜਾਂਦੀ ਹੈ। ਇਹਨਾਂ ਵਿੱਚ ਮੈਲਾ ਢੋਣ ਵਾਲੇ, ਚਮੜੇ ਦਾ ਕੰਮ ਕਰਨ ਵਾਲੇ, ਨਾਈ, ਧੋਬੀ, ਤੇਲੀ ਆਦਿ ਸਨ। ਧਰਮਸ਼ਾਸਤਰੀ ਗ੍ਰੰਥਾਂ, ਖ਼ਾਸ ਕਰਕੇ ਮਨੁਸਮ੍ਰਿਤੀ ਨੇ ਇਸ ਸਮਾਜਕ ਦਰਜੇਬੰਦੀ ਨੂੰ ਕਾਨੂੰਨੀ ਅਤੇ ਧਾਰਮਿਕ ਜਾਇਜ਼ਤਾ ਪ੍ਰਦਾਨ ਕੀਤੀ। ਇਸ ਗ੍ਰੰਥ ਨੇ ਸਮਾਜ ਨੂੰ ਸਦੀਵੀ ਤੌਰ 'ਤੇ ਵੰਡ ਕੇ ਉੱਚ-ਨੀਚ ਦੀ ਧਾਰਣਾ ਨੂੰ ਮਜ਼ਬੂਤ ਕੀਤਾ, ਜਿਸ ਨਾਲ ਭਾਰਤੀ ਸਮਾਜ ਦੀ ਏਕਤਾ ਅਤੇ ਭਾਈਚਾਰੇ ਨੂੰ ਗੰਭੀਰ ਚੁਣੌਤੀ ਮਿਲੀ। ਮਨੁਸਮ੍ਰਿਤੀ ਵਿੱਚ ਵੱਖ-ਵੱਖ ਵਰਣਾਂ ਲਈ ਇੱਕੋ ਜਿਹੇ ਅਪਰਾਧਾਂ ਬਦਲੇ ਵੱਖਰੀਆਂ ਸਜ਼ਾਵਾਂ ਦਾ ਪ੍ਰਬੰਧ ਕੀਤਾ ਗਿਆ, ਜਿਸ ਨਾਲ ਬ੍ਰਾਹਮਣਾਂ ਨੂੰ ਵਿਸ਼ੇਸ਼ ਰਿਆਇਤਾਂ ਮਿਲੀਆਂ ਅਤੇ ਸ਼ੂਦਰਾਂ ਲਈ ਕਠੋਰ ਦੰਡ ਨਿਰਧਾਰਤ ਕੀਤੇ ਗਏ। ਉਦਾਹਰਨ ਵਜੋਂ *ਸ਼ੂਦਰ ਦੁਆਰਾ ਬ੍ਰਾਹਮਣ ਨੂੰ ਉਪਦੇਸ਼ ਦੇਣ ਦੀ ਸਥਿਤੀ ਵਿੱਚ ਕਠੋਰ ਦੰਡ ਦੀ ਵਿਵਸਥਾ ਦੱਸੀ ਗਈ ਹੈ।* [7] ਇਸੇ ਤਰ੍ਹਾਂ *ਬ੍ਰਾਹਮਣ ਲਈ ਫਾਂਸੀ ਦੀ ਸਜ਼ਾ ਦੇਣ ਦੀ ਬਜਾਏ ਉਸ ਦਾ ਸਿਰ ਮੁਨ੍ਹਾਂ ਦੇਣਾ ਹੀ ਫਾਂਸੀ ਦੇ ਬਰਾਬਰ ਹੁੰਦਾ ਹੈ, ਜਦਕਿ ਹੋਰ ਵਰਣਾਂ ਲਈ ਮੌਤ ਦੀ ਸਜ਼ਾ ਦਾ ਪ੍ਰਬੰਧ ਸੀ।* [8]

ਇਸ ਤਰ੍ਹਾਂ ਉੱਤਰ ਵੈਦਿਕ ਕਾਲ ਵਿੱਚ ਵਰਣ-ਵਿਵਸਥਾ ਨੇ ਕਾਨੂੰਨੀ ਅਤੇ ਧਾਰਮਿਕ ਆਧਾਰ ਪ੍ਰਾਪਤ ਕਰਕੇ ਸਮਾਜਕ ਅਸਮਾਨਤਾ ਨੂੰ ਸਥਾਈ ਰੂਪ ਦਿੱਤਾ। ਇਹ ਪ੍ਰਣਾਲੀ ਅਗਲੇ ਦੌਰਾਂ ਵਿੱਚ ਜਾਤੀ-ਪ੍ਰਥਾ ਦੇ ਵਧੇਰੇ ਕਠੋਰ ਅਤੇ ਵਿਆਪਕ ਰੂਪ ਲਈ ਮੰਚ ਸਾਬਤ ਹੋਈ। ਨਾਲ ਹੀ ਭਾਰਤ ਦੀ ਸਦੀਆਂ ਲੰਮੀ ਗੁਲਾਮੀ ਦਾ ਵੱਡਾ ਕਾਰਨ ਵੀ ਸਿੱਧ ਹੋਈ, ਜਿਸਨੇ ਭਾਰਤੀਆਂ ਨੂੰ ਨਿਕੰਮੇ, ਵਿਰਲੜ, ਕਮਜ਼ੋਰ, ਅੰਧ- ਵਿਸ਼ਵਾਸੀ ਅਤੇ ਕੱਟੜ ਬਣਾਉਣ ਵਿੱਚ ਯੋਗਦਾਨ ਪਾਇਆ। ਪੁਰਾਤਨ ਭਾਰਤ ਵਿੱਚ ਉਭਰੇ ਅੰਦੋਲਨਾਂ ਖ਼ਾਸ ਕਰਕੇ ਬੁੱਧ ਅਤੇ ਜੈਨ ਮੱਤ ਨੇ ਆਰੰਭਿਕ ਦੌਰ ਵਿੱਚ ਜਨਮ-ਅਧਾਰਿਤ ਉੱਚ-ਨੀਚ ਨੂੰ ਸਿਧਾਂਤਕ ਤੌਰ 'ਤੇ ਸਵੀਕਾਰ ਨਹੀਂ ਕੀਤਾ। ਗੌਤਮ ਬੁੱਧ ਨੇ ਮਨੁੱਖ ਦੀ ਮਹਾਨਤਾ ਨੂੰ ਉਸ ਦੇ ਕਰਮ ਅਤੇ ਆਚਰਨ ਨਾਲ ਜੋੜਿਆ, ਨਾ ਕਿ ਉਸ ਦੇ ਜਨਮ ਨਾਲ। ਇਸੇ ਤਰ੍ਹਾਂ ਮਹਾਂਵੀਰ ਦੀਆਂ ਸਿੱਖਿਆਵਾਂ ਵਿੱਚ ਅਹਿੰਸਾ ਅਤੇ ਸਮਾਨਤਾ ਦਾ ਉੱਚਾਰ ਹੋਇਆ। ਫਿਰ ਵੀ *ਇਤਿਹਾਸਕ ਵਿਕਾਸ ਦੇ ਦੌਰਾਨ ਇਹ ਦੋਵੇਂ ਧਾਰਮਿਕ ਅੰਦੋਲਨ ਸਮਾਜਿਕ ਸੰਰਚਨਾਵਾਂ ਤੋਂ ਪੂਰੀ ਤਰ੍ਹਾਂ ਅਲੱਗ ਨਹੀਂ ਰਹਿ ਸਕੀਆਂ ਅਤੇ ਹੌਲੀ-ਹੌਲੀ ਪ੍ਰਚੱਲਿਤ ਜਾਤੀ-ਵਿਵਸਥਾ ਨਾਲ ਸਮਝੌਤਾ ਕਰਦੀਆਂ ਦਿਖਾਈ ਦਿੰਦੀਆਂ ਹਨ। ਸਮਾਜਿਕ ਸੰਬੰਧਾਂ ਦੀ ਮੂਲ ਸੰਰਚਨਾ ਨੂੰ ਬੁਨਿਆਦੀ ਤੌਰ 'ਤੇ ਬਦਲਣ ਦੀ ਕੋਸ਼ਿਸ਼ ਇਨ੍ਹਾਂ ਅੰਦੋਲਨਾਂ ਵੱਲੋਂ ਵਿਹਾਰਕ ਪੱਧਰ 'ਤੇ ਸੀਮਿਤ ਰਹੀ। ਇਹਨਾਂ ਦੋਹਾਂ ਵਿੱਚੋਂ ਕਿਸੇ ਨੇ ਵੀ ਪ੍ਰਚਲਿਤ ਸਮਾਜਿਕ ਸੰਬੰਧਾਂ ਨੂੰ ਚੁਣੌਤੀ ਨਹੀਂ ਦਿੱਤੀ।* [9]

ਮੁੱਢਲੇ ਮੱਧਕਾਲੀਨ ਭਾਰਤ ਵਿੱਚ ਜਾਤੀ-ਵਿਵਸਥਾ ਦੀ ਕਠੋਰਤਾ ਬਾਰੇ ਵਿਦੇਸ਼ੀ ਯਾਤਰੀਆਂ ਦੇ ਵਰਣਨ ਮਹੱਤਵਪੂਰਨ ਸਬੂਤ ਪ੍ਰਦਾਨ ਕਰਦੇ ਹਨ। 11ਵੀਂ ਸਦੀ ਦੇ ਵਿਦਵਾਨ ਅਤੇ ਯਾਤਰੀ ਅਲਬਰੂਨੀ ਨੇ ਆਪਣੇ ਗ੍ਰੰਥ ਕਿਤਾਬੁਲ-ਹਿੰਦ ਵਿੱਚ ਦਰਸਾਇਆ ਕਿ ਵੇਦ ਪਾਠ ਜਾਂ ਧਾਰਮਿਕ ਕਰਮਕਾਂਡਾਂ ਵਿੱਚ ਹਿੱਸਾ ਲੈਣ ਲਈ ਨੀਵੇਂ ਵਰਗਾਂ ਉੱਤੇ ਸਖ਼ਤ ਪਾਬੰਦੀਆਂ ਸਨ। ਉਹ ਲਿਖਦਾ ਹੈ ਕਿ ਜੇਕਰ ਕਿਸੇ ਸ਼ੂਦਰ ਜਾਂ ਵੈਸ਼ ਦੁਆਰਾ ਵੇਦ ਪੜ੍ਹਨ ਦਾ ਦੋਸ਼ ਲੱਗੇ, ਤਾਂ ਉਸ ਨੂੰ ਕਠੋਰ ਦੰਡ ਦਿੱਤਾ ਜਾਂਦਾ ਸੀ। *ਹਾਲਾਂਕਿ ਧਾਰਮਿਕ ਚਿੰਤਨ, ਦਾਨ ਅਤੇ ਕੁਝ ਆਮ ਧਾਰਮਿਕ ਕਰਮਾਂ ਲਈ ਉਸ ਨੂੰ ਪੂਰੀ ਤਰ੍ਹਾਂ ਮਨਾਹੀ ਨਹੀਂ ਸੀ।* [10] ਇਹ ਵਰਣਨ ਜਾਤੀ-ਅਧਾਰਿਤ ਧਾਰਮਿਕ ਰੋਕਾਂ ਦੀ ਗੰਭੀਰਤਾ ਨੂੰ ਰੌਸ਼ਨ ਕਰਦਾ ਹੈ।

ਸੋਲ੍ਹਵੀਂ ਸਦੀ ਵਿੱਚ ਯੂਰਪੀ ਯਾਤਰੀਆਂ ਅਤੇ ਵਿਦਵਾਨਾਂ ਨੇ ਭਾਰਤੀ *ਜਾਤ-ਵਿਵਸਥਾ ਲਈ ਅੰਗਰੇਜ਼ੀ ਸ਼ਬਦ Caste ਦੀ ਵਰਤੋਂ ਸ਼ੁਰੂ ਕੀਤੀ, ਜੋ ਪੁਰਤਗਾਲੀ ਸ਼ਬਦ Casta ਤੋਂ ਆਇਆ ਹੈ, ਜਿਸਦਾ ਅਰਥ ਨਸਲ ਜਾਂ ਰਵਾ।* [11] ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦੇ ਪੱਛਮੀ ਵਿਦਵਾਨਾਂ ਨੇ ਇਸ ਸ਼ਬਦ ਨੂੰ ਭਾਰਤੀ ਸਮਾਜਿਕ ਸੰਰਚਨਾ ਲਈ ਅਪਣਾਇਆ ਅਤੇ ਇਹ ਮੰਨਿਆ ਕਿ ਹਿੰਦੂ ਸਮਾਜ ਵਿੱਚ ਮੌਜੂਦ ਹਜ਼ਾਰਾਂ ਜਾਤਾਂ ਪ੍ਰਾਚੀਨ ਚਾਰ ਵਰਣਾਂ ਤੋਂ ਵਿਕਸਿਤ ਹੋਈਆਂ ਹਨ। ਇਸ ਕਾਰਨ 'ਵਰਨ' ਅਤੇ 'ਜਾਤ' ਸ਼ਬਦਾਂ ਨੂੰ ਕਈ ਵਾਰ ਇਕ-ਦੂਜੇ ਦੇ ਬਦਲੇ ਵਰਤਿਆ ਜਾਣ ਲੱਗਾ, ਹਾਲਾਂਕਿ ਵਾਸਤਵ ਵਿੱਚ ਹਰ ਇਕ ਵਰਣ ਦੇ ਅੰਦਰ ਅਨੇਕਾਂ ਜਾਤਾਂ ਅਤੇ ਉਪ-ਜਾਤਾਂ ਮੌਜੂਦ ਸਨ।

*ਵੀਹਵੀਂ ਸਦੀ ਵਿੱਚ ਜਾਤ-ਵਿਵਸਥਾ ਦੀ ਸਮਾਜਕ ਆਲੋਚਨਾਂ ਨੂੰ ਸਭ ਤੋਂ ਤਿੱਖੇ ਰੂਪ ਵਿੱਚ ਬੀ. ਆਰ. ਅੰਬੇਡਕਰ ਨੇ ਪ੍ਰਗਟ ਕੀਤਾ। ਉਹ ਹਿੰਦੂ ਸਮਾਜ ਨੂੰ ਇੱਕ ਬਹੁ-ਮੰਜ਼ਲਾ ਮੀਨਾਰ ਨਾਲ ਤੁਲਨਾ ਕਰਦੇ ਹਨ, ਜਿਸ ਨੂੰ ਕੋਈ ਪੌੜੀ ਜਾਂ ਰਾਸਤਾ ਨਹੀਂ ਹੈ, ਜਿਸ ਮੰਜ਼ਿਲ ਵਿੱਚ ਕੋਈ ਜਨਮਿਆਂ ਹੈ, ਉਸਨੇ ਉਸੇ ਵਿੱਚ ਹੀ ਮਰਨਾ ਹੈ।* [12] ਇਹ ਤੁਲਨਾ ਜਾਤੀ-ਪ੍ਰਥਾ ਦੀ ਸਥਿਰਤਾ ਅਤੇ ਸਮਾਜਕ ਗਤੀਸ਼ੀਲਤਾ ਦੀ ਕਮੀ ਨੂੰ ਦਰਸਾਉਂਦੀ ਹੈ।

ਇਸ ਤਰ੍ਹਾਂ ਸਪਸ਼ਟ ਹੈ ਕਿ ਜਾਤੀ-ਵਿਵਸਥਾ ਨੇ ਭਾਰਤੀ ਸਮਾਜਿਕ ਸੰਰਚਨਾ ਨੂੰ ਡੂੰਘਾਈ ਨਾਲ ਪ੍ਰਭਾਵਿਤ ਕੀਤਾ। ਇਸ ਦੇ ਦੈਵੀਕਰਨ ਅਤੇ ਧਾਰਮਿਕ ਮਾਨਤਾ ਨੇ ਇਸ ਵਿਵਸਥਾ ਨੂੰ ਲੰਬੇ ਸਮੇਂ ਤੱਕ ਅਡੋਲ ਬਣਾਇਆ, ਜਿਸ ਕਾਰਨ ਇਸ ਦੇ ਵਿਰੁੱਧ ਆਵਾਜ਼ ਉਠਾਉਣਾ ਸਮਾਜਿਕ ਤੌਰ 'ਤੇ ਜੋਖਿਮ ਭਰਿਆ ਸਮਝਿਆ ਜਾਂਦਾ ਸੀ। ਇਸ ਪ੍ਰਣਾਲੀ ਨੇ ਕੇਵਲ ਸਮਾਜਕ ਗਤੀਸ਼ੀਲਤਾ ਨੂੰ ਰੋਕਿਆ ਹੀ ਨਹੀਂ, ਸਗੋਂ ਮਨੁੱਖੀ ਸਮਾਨਤਾ ਅਤੇ ਭਾਈਚਾਰੇ ਦੇ ਆਦਰਸ਼ਾਂ ਨੂੰ ਵੀ ਗੰਭੀਰ ਚੁਣੌਤੀ ਦਿੱਤੀ।

**ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ:**

ਭਾਰਤੀ ਸਮਾਜ ਵਿੱਚ ਜਾਤ-ਪਾਤ ਪ੍ਰਥਾ ਇੱਕ ਗਹਿਰੀ ਅਤੇ ਜਟਿਲ ਸੰਰਚਨਾ ਵਜੋਂ ਸਦੀਆਂ ਤੱਕ ਮੌਜੂਦ ਰਹੀ ਹੈ। ਇਸ ਪ੍ਰਥਾ ਨੇ ਮਨੁੱਖੀ ਪਛਾਣ ਨੂੰ ਜਨਮ-ਅਧਾਰਿਤ ਵਰਗਾਂ ਵਿੱਚ ਵੰਡ ਕੇ ਉੱਚ-ਨੀਚ ਦੀ ਧਾਰਨਾ ਨੂੰ ਮਜ਼ਬੂਤ ਕੀਤਾ। ਇਸ ਪਿੱਠਭੂਮੀ ਵਿੱਚ 1604 ਈ. ਵਿੱਚ ਗੁਰੂ ਅਰਜਨ ਦੇਵ ਵੱਲੋਂ ਸੰਕਲਿਤ ਆਦਿ ਗ੍ਰੰਥ ਇੱਕ ਵਿਲੱਖਣ ਮੋੜ ਪੇਸ਼ ਕਰਦਾ ਹੈ। ਜਿਸ ਵਿੱਚ ਦਰਜ ਬਾਣੀ ਇਸ ਸੰਰਚਨਾ ਨੂੰ ਆਤਮਿਕ, ਤਰਕਸੰਗਤ ਅਤੇ ਸਮਾਜਕ ਪੱਧਰ 'ਤੇ ਚੁਣੌਤੀ ਦਿੰਦੀ ਹੈ। ਖ਼ਾਸ ਤੌਰ 'ਤੇ ਗੁਰੂ ਰਵਿਦਾਸ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਜਾਤੀ ਅਹੰਕਾਰ, ਜਨਮ-ਅਧਾਰਿਤ ਉੱਚਤਾ ਅਤੇ ਸਮਾਜਕ ਅਸਮਾਨਤਾ ਦਾ ਮਜ਼ਬੂਤ ਖੰਡਨ ਕਰਦੀ ਹੈ।

ਸਭ ਤੋਂ ਪਹਿਲਾਂ ਗੁਰੂ ਰਵਿਦਾਸ ਜੀ ਦੀ ਬਾਣੀ ਜਾਤੀ ਗਰੂਰ ਨੂੰ ਆਤਮਿਕ ਵਿਕਾਸ ਵਿੱਚ ਰੁਕਾਵਟ ਮੰਨਦੀ ਹੈ। *'ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ'*[13] ਜਿਹਾ ਉਚਾਰਣ ਜਾਤੀ ਅਹੰਕਾਰ ਦਾ ਸਿੱਧਾ ਖੰਡਨ ਕਰਦਾ ਹੈ, ਜਦਕਿ ਗੁਰੂ ਅਰਜਨ ਦੇਵ ਜੀ ਦਾ ਸਿਧਾਂਤ *'ਨਾ ਕੋ ਬੈਰੀ ਨਹੀ ਬਿਗਾਨਾ'*[14] ਮਨੁੱਖੀ ਏਕਤਾ ਨੂੰ ਕੇਂਦਰ ਵਿੱਚ ਰੱਖਦਾ ਹੈ। ਇਸ ਤੋਂ ਇਲਾਵਾ, ਗ੍ਰੰਥ ਦੀ ਸੰਪਾਦਕੀ ਰਚਨਾ ਰਾਗਾਂ ਅਨੁਸਾਰ ਹੈ, ਨਾ ਕਿ ਜਾਤ ਜਾਂ ਸਮਾਜਕ ਦਰਜੇ ਅਨੁਸਾਰ, ਜੋ ਸੰਰਚਨਾਤਮਕ ਪੱਧਰ 'ਤੇ ਵੀ ਸਮਾਨਤਾ ਦਾ ਪ੍ਰਤੀਕ ਹੈ। ਇਸ ਤਰ੍ਹਾਂ ਤੁਲਨਾਤਮਕ ਤੌਰ 'ਤੇ ਦੇਖਿਆ ਜਾਵੇ ਤਾਂ ਜਿੱਥੇ ਵੈਦਿਕ ਅਤੇ ਧਰਮਸ਼ਾਸਤਰੀ ਗ੍ਰੰਥਾਂ ਨੇ ਵਰਣ-ਵਿਵਸਥਾ ਨੂੰ ਸਥਿਰ ਕੀਤਾ, ਉੱਥੇ ਆਦਿ ਗ੍ਰੰਥ ਨੇ ਜਨਮ-ਅਧਾਰਿਤ ਉੱਚ-ਨੀਚ ਦੀ ਧਾਰਨਾ ਨੂੰ ਚੁਣੌਤੀ ਦੇ ਕੇ ਬਰਾਬਰੀ ਦੇ ਸਿਧਾਂਤ ਨੂੰ ਮਜ਼ਬੂਤ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਮਾਜ ਵਿੱਚੋਂ ਇਹ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਕਿ ਜਦੋਂ ਤੱਕ ਲੋਕਾਂ ਦੇ ਇਸ਼ਟ ਵੱਖ ਹਨ, ਉਹਨਾਂ ਵਿੱਚ ਵਖਰੇਵੇਂ ਕਾਇਮ ਰਹਿਣਗੇ। ਹਰ ਕੋਈ ਆਪਣੇ ਇਸ਼ਟ ਨੂੰ ਸ੍ਰੇਸ਼ਟ ਮੰਨਦਾ ਹੈ ਅਤੇ ਦੂਜੇ ਲੋਕਾਂ ਦੇ ਇਸ਼ਟਾਂ ਨੂੰ ਜਾਂ ਤਾਂ ਝੂਠਾ ਜਾਂ ਊਂਕਾ ਹੀ ਘਟੀਆ। ਸਾਰੇ ਮਨੁੱਖਤਾ ਨੂੰ ਇੱਕੋ ਹੀ ਲੜੀ ਵਿੱਚ ਪ੍ਰੋਣ ਲਈ ਗੁਰੂ ਜੀ ਨੇ ਰੱਬੀ ਏਕਤਾ ਦਾ ਪ੍ਰਚਾਰ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿੱਚ ਕੇਵਲ ਇੱਕ ਹੀ ਪਰਮਾਤਮਾ ਹੈ, ਜਿਸ ਦੇ ਟਾਕਰੇ ਵਿੱਚ ਨਾ ਕੋਈ ਪਹਿਲਾਂ ਹੋਇਆ ਹੈ ਤੇ ਨਾ ਹੀ ਕੋਈ ਅੱਗੋਂ ਹੋਵੇਗਾ।

*ਗੁਣ ਏਹੋ ਹੋਰੁ ਨਾਹੀ ਕੋਇ ਨਾ ਕੋ ਹੋਆ ਨਾ ਕੋ ਹੋਇ।* [15]

ਜਾਤੀ ਵਿਵਸਥਾ ਦਾ ਵਿਰੋਧ ਕਰਦਿਆਂ ਗੁਰੂ ਨਾਨਕ ਦੇਵ ਜੀ ਜਾਤ ਅਤੇ ਨਾਮ ਦੀ ਉੱਚਤਾ ਫੋਕੀ ਜਾਂ ਵਿਅਰਥ ਦੱਸਦੇ ਹੋਏ ਕਿਹਾ ਹੈ ਕਿ ਸਭਨਾਂ ਦਾ ਆਸਰਾ ਕੇਵਲ ਇੱਕੋ ਪਰਮਾਤਮਾ ਹੈ –

*ਫਕੜ ਜਾਤੀ ਫਕੜੁ ਨਾਉ ਸਭਨਾ ਜੀਆ ਇਕਾ ਛਾਉ।* [16]

ਨਿਰੀ ਉੱਚੀ ਜਾਤੀ ਦੀ ਕੋਈ ਪ੍ਰਾਪਤੀ ਨਹੀਂ ਹੋਵੇਗੀ ਇਸ ਲਈ ਇਹ ਸੱਚ ਪਛਾਣ ਲੈਣਾ ਚਾਹੀਦਾ ਹੈ ਕਿ ਜਿਹੜਾ ਜਹਿਰ ਖਾਏਗਾ ਉਹ ਮਰੇਗਾ ਹੀ, ਚਾਹੇ ਉੱਚਾ ਹੋਵੇ ਜਾਂ ਨੀਵਾਂ।

*ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥*
*ਮਹੁਰਾ ਹੋਵੈ ਹਥਿ ਮਰੀਐ ਚਖੀਐ ॥* [17]

ਇਸੇ ਤਰ੍ਹਾਂ ਭਗਤ ਕਬੀਰ ਜੀ ਜਨਮ-ਅਧਾਰਿਤ ਉੱਚਤਾ ਦੀ ਧਾਰਨਾ ਨੂੰ ਤੀਖ਼ੀ ਤਰਕਸੰਗਤਤਾ ਨਾਲ ਚੁਣੌਤੀ ਦਿੰਦੇ ਹਨ:

*ਜਉ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ*
*ਤਉ ਆਨ ਬਾਟ ਕਾਹੇ ਨਹੀ ਆਇਆ*[18]

ਇਹ ਪ੍ਰਸ਼ਨ ਬ੍ਰਾਹਮਣੀ ਉੱਚਤਾ ਦੇ ਦਾਅਵੇ ਨੂੰ ਮੂਲ ਤੌਰ 'ਤੇ ਖੰਡਿਤ ਕਰਦਾ ਹੈ। ਕਬੀਰ ਜੀ ਸਪਸ਼ਟ ਕਰਦੇ ਹਨ ਕਿ ਜਦ ਸਾਰੇ ਮਨੁੱਖ ਇੱਕੋ ਜਿਹੀ ਜਨਮ-ਪ੍ਰਕਿਰਿਆ ਰਾਹੀਂ ਜਨਮ ਲੈਂਦੇ ਹਨ, ਤਾਂ ਉੱਚਤਾ ਦਾ ਦਾਅਵਾ ਨਿਰਾਧਾਰ ਹੈ।

ਗੁਰੂ ਸਾਹਿਬਾਨ ਨੇ ਵੈਦਿਕ ਕਾਲ ਤੋਂ ਪੁੰਗਰੇ, ਉੱਘੇ, ਉਪਜੇ ਤੇ ਵਿਕਸਿਤ ਹੋਏ ਜਾਤ-ਪਾਤ ਦੇ ਇਸ ਰੁੱਖ ਨੂੰ ਐਸਾ ਝੰਜੋੜਿਆ ਕਿ ਉਹ ਜੜ੍ਹਾਂ ਤੋਂ ਹਿੱਲ ਗਿਆ। ਸਮਾਜ ਵਿੱਚਲੀ ਇਸ ਵੰਡ ਨੂੰ ਖਤਮ ਕਰਨ ਲਈ ਸਮਾਜ ਦਾ ਆਧਾਰ ਹਿੰਦੂ ਧਰਮ ਸ਼ਾਸਤਰ ਨੂੰ ਨਹੀਂ ਬਣਾਇਆ, ਸਗੋਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਵੇਦਾਂ ਅਤੇ ਸ਼ਾਸਤਰਾਂ ਨੂੰ ਅਨਾਦੀ ਮੰਨਣ ਤੋਂ ਮੁਨਕਰ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ ਜੋ ਨਿਯਮ ਸਿਮਰਤੀਆਂ ਵਿੱਚ ਦਿੱਤੇ ਗਏ ਹਨ ਅਤੇ ਜੋ ਦਾਰਸ਼ਨਿਕ ਆਧਾਰ ਸ਼ਾਸਤਰਾਂ ਵਿੱਚ ਘੜੇ ਹਨ, ਉਹ ਅੰਤਿਮ ਸੱਤਾ ਨਾਲ ਮੇਲ ਨਹੀਂ ਖਾਂਦੇ

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।* [19]

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਸਭ ਤੋਂ ਉੱਪਰਲੇ ਵਰਗ ਦੇ ਵਿਅਕਤੀਆਂ ਨੂੰ ਨਹੀਂ, ਸਗੋਂ ਉਸਨੂੰ ਬ੍ਰਾਹਮਣ ਮੰਨਿਆ ਜੋ ਪਰਮਾਤਮਾ ਨੂੰ ਜਾਣਦਾ ਹੈ ਅਤੇ ਹਮੇਸ਼ਾ ਉਸੇ ਦੇ ਧਿਆਨ ਵਿੱਚ ਰਹਿੰਦਾ ਹੈ।

*ਬ੍ਰਹਮ ਬਿੰਦੇ ਸੋ ਬ੍ਰਾਹਮਣ ਕਹੀਐ ਜੇ ਅਨਦਿਨ ਹਰਿ ਲਿਵ ਲਾਇ।* [20]

ਨਾਲ ਹੀ ਨੀਵਾਂ ਉਸਨੂੰ ਦੱਸਿਆ ਜੋ ਬੁਰੇ ਕਰਮ ਕਰਦਾ ਹੈ ਤੇ ਪ੍ਰਭੂ ਦਾ ਸਿਮਰਨ ਨਹੀਂ ਕਰਦਾ।

*ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ।* [21]

ਹਿੰਦੂ ਮਿਥਿਹਾਸ ਵਿੱਚ ਬ੍ਰਹਮਾ ਦੇ ਸਰੀਰ ਦੇ ਵੱਖ-ਵੱਖ ਭਾਗਾਂ ਤੋਂ ਵਰਣਾਂ ਦੀ ਉਤਪੱਤੀ ਸਮਾਜਿਕ ਵਰਨ ਵੰਡ ਨੂੰ ਜਨਮ ਦਿੰਦੀ ਹੈ, ਪਰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿੱਚ ਸਾਰੇ ਜੀਵਾਂ ਦੀ ਉਤਪੱਤੀ ਇੱਕੋ ਹੀ ਪਰਮਾਤਮਾ ਤੋਂ ਇੱਕ ਸਮਾਨ ਹੋ ਕੇ ਹਰੇਕ ਮਨੁੱਖ ਨੂੰ ਬਰਾਬਰਤਾ ਦਾ ਦਰਜਾ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਸਭ ਮਨੁੱਖਾਂ ਵਿੱਚ ਇੱਕ ਹੀ ਪਰਮਾਤਮਾ ਦੀ ਸਮਾਨ ਮੌਜੂਦਗੀ ਦੱਸਦੇ ਹਨ।

*ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ॥*
*ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਅ॥*[22]

ਗੁਰੂ ਗ੍ਰੰਥ ਸਾਹਿਬ ਵਿੱਚ ਪਰਮਾਤਮਾ ਦੇ ਅਜਿਹੇ ਹੀ ਭਗਤਾਂ ਦੀ ਉਸਤਤ ਕੀਤੀ ਗਈ ਹੈ ਜਿਨ੍ਹਾਂ ਨੇ ਹਰਿ ਦਾ ਨਾਮ ਜਪਿਆ ਹੈ ਭਾਵੇਂ ਉਹ ਕਿਸੇ ਵੀ ਵਰਨ, ਜਾਤ ਜਾਂ ਇਲਾਕੇ ਨਾਲ ਸੰਬੰਧਿਤ ਸਨ। ਗੁਰੂ ਰਾਮਦਾਸ ਜੀ ਨੇ ਭਗਤ ਰਵੀਦਾਸ, ਕਬੀਰ, ਨਾਮਦੇਵ ਅਤੇ ਬਿਦਰ ਦੇ ਨਾਮ ਦਾ ਖਾਸ ਵਰਣਨ ਕੀਤਾ ਹੈ, ਕਿਉਂਕਿ ਇਹ ਅਖੌਤੀ ਨੀਵੀਆਂ ਜਾਤਾਂ ਵਿੱਚ ਜਨਮੇ ਸਨ ਅਤੇ ਉਸ ਸਮੇਂ ਦੇ ਜਾਤ ਅਭਿਮਾਨੀ ਇਹਨਾਂ ਤੋਂ ਨਫਰਤ ਕਰਦੇ ਸਨ।

*ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥*
*ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥2॥* [23]

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਜਨਮ, ਰੰਗ, ਇਲਾਕੇ, ਨਸਲ, ਮਜ਼ਬ ਆਦਿ ਦੇ ਭੇਦ ਕਰਕੇ ਕਿਸੇ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਹੀਂ ਮੰਨਦੀ, ਸਗੋਂ ਇਸ ਤਰ੍ਹਾਂ ਦੀਆਂ ਵੰਡੀਆਂ ਦੇ ਸਖ਼ਤ ਵਿਰੋਧ ਵਿੱਚ ਹੈ। ਗੁਰੂ ਰਵਿਦਾਸ ਜੀ ਦੀ ਇੱਕ ਹੋਰ ਬਾਣੀ ਜਾਤੀ ਵੰਡ ਦੀ ਅਸੰਗਤਤਾ ਨੂੰ ਦਰਸਾਉਂਦੀ ਹੈ ਕਿ ਜਾਤੀਆਂ ਦੇ ਅੰਦਰ ਵੀ ਅਨੇਕਾਂ ਉਪ-ਜਾਤੀਆਂ ਹਨ, ਜੋ ਮਨੁੱਖਤਾ ਨੂੰ ਟੁਕੜਿਆਂ ਵਿੱਚ ਵੰਡ ਦਿੰਦੀ ਹੈ। ਜਦ ਤੱਕ ਮਨੁੱਖ ਜਾਤ-ਪਾਤ ਨਾਲ ਜੁੜਿਆ ਰਹੇਗਾ, ਉਹ ਇਕੱਠਾ ਨਹੀਂ ਹੋ ਸਕੇਗਾ। –

*ਜਾਤਿ ਜਾਤਿ ਮਹਿ ਜਾਤਿ ਹੈ, ਜੋ ਕੇਤਨ ਕੇ ਪਾਤ।।*
*ਰੈਦਾਸ ਮਨੁਸ ਨ ਜੁੜ ਸਕੈ, ਜਤਿ ਜਾਤਿ ਦੇ ਨਾਲ।।*[24]

ਜਾਤੀ ਅਹੰਕਾਰ ਦੀ ਨਿੰਦਾ ਤੇ ਵਰਣ-ਵਿਵਸਥਾ ਦਾ ਖੰਡਨ ਕਰਦਿਆਂ ਉਨ੍ਹਾਂ ਦੀ ਬਾਣੀ *"ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ"*[25] ਜਾਤੀ ਅਹੰਕਾਰ ਨੂੰ ਅਗਿਆਨਤਾ ਨਾਲ ਜੋੜਦੀ ਹੈ।

ਕਬੀਰ ਜੀ ਦੀ ਸਰਵਉੱਚ ਏਕਤਾ ਵਾਲੀ ਬਾਣੀ ਮਨੁੱਖੀ ਸਮਾਨਤਾ ਦਾ ਆਤਮਿਕ ਆਧਾਰ ਪੇਸ਼ ਕਰਦੀ ਹੈ। ਜਦ ਸਾਰਾ ਸੰਸਾਰ ਇੱਕ ਹੀ ਨੂਰ ਤੋਂ ਪੈਦਾ ਹੋਇਆ ਹੈ ਤਾਂ ਜਾਤੀ ਅਧਾਰਿਤ ਉੱਚ-ਨੀਚ ਦੀ ਧਾਰਨਾ ਸਵੀਕਾਰਨਯੋਗ ਨਹੀਂ ਰਹਿ ਜਾਂਦੀ।

*ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ।।*
*ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ।।*[26]

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿੱਚ ਮੁਢਲੇ ਸਿਧਾਂਤ ਜਾਤੀ-ਵਿਵਸਥਾ ਦਾ ਸਖ਼ਤ ਵਿਰੋਧ ਕਰਦੇ ਹਨ ਅਤੇ ਸਿੱਖ ਧਰਮ ਵਿੱਚ ਇਸ ਨੂੰ ਕੋਈ ਥਾਂ ਨਹੀਂ ਦਿੰਦੇ। ਇਤਿਹਾਸਕਾਰ ਡਾ. ਜੇ. ਐਸ. ਗਰੇਵਾਲ ਦੇ ਅਨੁਸਾਰ, *ਆਦਿ ਗ੍ਰੰਥ ਦੀ ਸਮਾਵੇਸ਼ੀ ਰਚਨਾ ਨੇ ਭਾਰਤੀ ਸਮਾਜ ਵਿੱਚ ਨਵੀਂ ਸਮਾਨਤਾਵਾਦੀ ਚੇਤਨਾ ਨੂੰ ਜਨਮ ਦਿੱਤਾ।* [27]

**ਸੰਗਤ ਅਤੇ ਪੰਗਤ:**

ਛੂਤ-ਛਾਤ ਨੂੰ ਖਤਮ ਕਰਨ ਲਈ ਵਿਹਾਰਕ ਰੂਪ ਵਿੱਚ ਜੋ ਕਦਮ ਚੁੱਕੇ ਹਨ ਉਹਨਾਂ ਵਿੱਚ ਸੰਗਤ ਅਤੇ ਪੰਗਤ ਦੀ ਮਹੱਤਵਪੂਰਨ ਭੂਮਿਕਾ ਹੈ। ਸੰਗਤ ਵਿੱਚ ਬਿਨਾਂ ਕਿਸੇ ਭੇਦ ਭਾਵ ਦੇ ਕੋਈ ਵੀ ਵਿਅਕਤੀ ਸ਼ਾਮਿਲ ਹੋ ਸਕਦਾ ਹੈ। ਇਸਦੇ ਨਾਲ ਹੀ ਪੰਗਤ ਭਾਵ ਲੰਗਰ ਵੀ ਜਾਤ-ਪਾਤ ਤੇ ਸੱਟ ਮਾਰਦੀ ਇੱਕ ਹੋਰ ਸੰਸਥਾ ਹੈ, ਜਿੱਥੇ ਸਭ ਸੰਗਤ ਆਪਸ ਵਿੱਚ ਇੱਕ ਥਾਂ ਤੇ ਮਿਲ ਕੇ ਬੈਠਦੀ ਹੈ। ਇੱਥੇ ਕਿਸੇ ਨੂੰ ਵੀ ਕੋਈ ਭਿੱਟ ਨਹੀਂ ਚੜ੍ਹਦੀ ਅਤੇ ਨਾ ਹੀ ਕੋਈ ਕਿਸੇ ਤੋਂ ਨਫਰਤ ਕਰਦਾ ਹੈ।

**ਅੰਤਰਜਾਤੀ ਵਿਆਹ:**

ਗੁਰੂ ਅਮਰਦਾਸ ਜੀ ਨੇ ਆਪਣੀਆਂ ਦੋਹਾਂ ਲੜਕੀਆਂ ਦੇ ਵਿਆਹ ਬਿਨਾਂ ਜਾਤ-ਪਾਤ ਦੇ ਵਿਤਕਰੇ ਦੇ ਕੀਤੇ- ਵੱਡੀ ਲੜਕੀ ਬੀਬੀ ਦਾਨੀ ਦਾ ਪਤੀ ਭਾਈ ਰਾਮਾ ਇੱਕ ਸਧਾਰਨ ਸਿੱਖ ਸੀ, ਜਦਕਿ ਬੀਬੀ ਭਾਨੀ ਦਾ ਪਤੀ ਗੁਰੂ ਰਾਮਦਾਸ ਉਸ ਸਮੇਂ ਤੱਕ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਿਆ ਕਰਦਾ ਸੀ। ਇਸ ਤਰ੍ਹਾਂ ਜਾਤ-ਵਿਵਸਥਾ ਦੇ ਖਾਤਮੇ ਅਤੇ ਭਰਾਤਰੀ ਭਾਵ ਲਈ ਇਹ ਇੱਕ ਇਨਕਲਾਬੀ ਕਦਮ ਸੀ।

**ਸਾਂਝੇ ਤੀਰਥ ਸਥਾਨ:**

ਹਿੰਦੂਆਂ ਵਿੱਚ ਤੀਰਥ ਸਥਾਨਾਂ ਪ੍ਰਤੀ ਡੂੰਘੀ ਸ਼ਰਧਾ ਸੀ। ਚਾਹੇ ਅਖੌਤੀ ਸ਼ੂਦਰਾਂ ਨੂੰ ਇਹਨਾਂ ਦੇ ਨੇੜੇ ਨਹੀਂ ਸੀ ਲੱਗਣ ਦਿੱਤਾ ਜਾਂਦਾ ਪਰ ਫਿਰ ਵੀ ਇਹਨਾਂ ਦੇ ਵਿਸ਼ਵਾਸ ਮੰਗ ਕਰਦੇ ਸਨ ਕਿ ਉਹ ਇਹਨਾਂ ਤੀਰਥ ਸਥਾਨਾਂ ਤੇ ਜਾ ਕੇ ਪੁੰਨ- ਕਰਮ ਕਰਨ। ਇਸ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿੱਚ ਬਾਉਲੀ ਬਣਵਾਈ। ਇਹ ਪਹਿਲਾ ਤੀਰਥ ਸਥਾਨ ਬਣਿਆ ਜਿੱਥੇ ਗਰੀਬ-ਅਮੀਰ ਹਰ ਜਾਤ, ਧਰਮ ਅਤੇ ਮਜ਼੍ਹਬ ਦੇ ਵਿਅਕਤੀ ਬਿਨਾਂ ਕਿਸੇ ਰੋਕ-ਟੋਕ ਤੇ ਵਿਤਕਰੇ ਦੇ ਆ ਜਾ ਸਕਦੇ ਸਨ। ਇਸੇ ਪ੍ਰਕਾਰ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਹੱਥੋਂ ਰਖਵਾ ਕੇ ਸਿੱਖ ਧਰਮ ਦੀ ਸਾਂਝੀਵਾਲਤਾ ਦੇ ਸਿਧਾਂਤ ਨੂੰ ਦ੍ਰਿੜ ਕੀਤਾ।

**ਰੱਬੀ ਬਾਣੀ ਦਾ ਖਜ਼ਾਨਾ:**

ਵੇਦ, ਸ਼ਾਸਤਰ, ਸਿਮਰਤੀਆਂ ਅਤੇ ਹਿੰਦੂ ਧਰਮ ਗ੍ਰੰਥ ਸੰਸਕ੍ਰਿਤ ਭਾਸ਼ਾ ਵਿੱਚ ਰਚੇ ਗਏ ਅਤੇ ਅਖੌਤੀ ਨੀਵੀਆਂ ਸ਼੍ਰੇਣੀਆਂ ਵਾਲੇ ਨਾ ਤਾਂ ਇਹ ਬੋਲੀ ਜਾਣਦੇ ਸਨ ਅਤੇ ਨਾ ਹੀ ਇਹਨਾਂ ਧਰਮ ਗ੍ਰੰਥਾਂ ਨੂੰ ਪੜ੍ਹਨ ਜਾਂ ਸੁਣਨ ਦਾ ਹੱਕ ਰੱਖਦੇ ਸਨ। ਸਿੱਖ ਧਰਮ ਵਿੱਚ ਗੁਰੂ ਸਾਹਿਬਾਨ ਨੇ ਬਾਣੀ ਲੋਕਾਂ ਦੀ ਭਾਸ਼ਾ ਵਿੱਚ ਰਚ ਕੇ ਉਹਨਾਂ ਦੀ ਅਗਵਾਈ ਕੀਤੀ। ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਜਿੱਥੇ ਸੰਸਕ੍ਰਿਤ ਦੀ ਪਵਿੱਤਰਤਾ ਨੂੰ ਰੱਦ ਕੀਤਾ, ਉਥੇ ਧਰਮ ਗ੍ਰੰਥਾਂ ਉੱਤੇ ਬ੍ਰਾਹਮਣਾਂ ਦੇ ਏਕਾਧਿਕਾਰ ਨੂੰ ਵੀ ਖ਼ਤਮ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿੱਚ ਅਖੌਤੀ ਨੀਵੀਂ ਸ਼੍ਰੇਣੀ ਦੇ ਭਗਤਾਂ ਦੀ ਬਾਣੀ ਨੂੰ ਬਿਨਾਂ ਕਿਸੇ ਵਿਤਕਰੇ ਦੇ ਸ਼ਾਮਿਲ ਕੀਤਾ। ਗੁਰੂ ਗੋਬਿੰਦ ਸਿੰਘ ਨੇ 1708 ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੀ ਸੌਂਪ ਕੇ ਹੁਕਮ ਦਿੱਤਾ- 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'। ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਸਾਰੇ ਮਨੁੱਖਤਾ ਦਾ ਸਾਂਝਾ ਗ੍ਰੰਥ ਬਣ ਗਿਆ ਜਿਸ ਵਿੱਚ ਵਿਸ਼ਵ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ ਹੈ।

**ਸਿੱਟਾ:**

ਸਪਸ਼ਟ ਹੈ ਕਿ ਭਾਰਤੀ ਸਮਾਜ ਵਿੱਚ ਜਾਤੀ ਪ੍ਰਥਾ ਇੱਕ ਗਹਿਰੀ ਅਤੇ ਇਤਿਹਾਸਕ ਤੌਰ 'ਤੇ ਵਿਕਸਿਤ ਸੰਰਚਨਾ ਰਹੀ ਹੈ, ਜਿਸ ਨੇ ਮਨੁੱਖੀ ਸਮਾਜ ਨੂੰ ਜਨਮ-ਅਧਾਰਿਤ ਉੱਚ-ਨੀਚ ਵਿੱਚ ਵੰਡ ਕੇ ਸਮਾਜਕ ਅਸਮਾਨਤਾ ਨੂੰ ਸੰਸਥਾਗਤ ਰੂਪ ਦਿੱਤਾ। ਵੈਦਿਕ ਅਤੇ ਧਰਮਸ਼ਾਸਤਰੀ ਪਰੰਪਰਾਵਾਂ ਨੇ ਵਰਣ-ਵਿਵਸਥਾ ਨੂੰ ਧਾਰਮਿਕ ਆਧਾਰ ਪ੍ਰਦਾਨ ਕਰਕੇ ਇਸਨੂੰ ਲੰਬੇ ਸਮੇਂ ਲਈ ਸਥਿਰ ਕੀਤਾ, ਜਿਸ ਦਾ ਨਤੀਜਾ ਅਛੂਤਪਣ, ਸਮਾਜਕ ਵਿਤਕਰਾ ਅਤੇ ਆਰਥਿਕ ਸ਼ੋਸ਼ਣ ਵਜੋਂ ਸਾਹਮਣੇ ਆਇਆ। ਇਸ ਪਿਛੋਕੜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਇੱਕ ਇਨਕਲਾਬੀ ਮੋੜ ਸਾਬਤ ਹੁੰਦੀ ਹੈ। ਇਸ ਗ੍ਰੰਥ ਵਿੱਚ ਦਰਜ ਬਾਣੀ ਜਨਮ-ਅਧਾਰਿਤ ਉੱਚਤਾ ਨੂੰ ਸਖ਼ਤੀ ਨਾਲ ਨਕਾਰਦੀ ਹੈ ਅਤੇ ਮਨੁੱਖੀ ਸਮਾਨਤਾ, ਰੱਬੀ ਏਕਤਾ ਅਤੇ ਭਰਾਤਰੀ ਭਾਵ ਨੂੰ ਕੇਂਦਰ ਵਿੱਚ ਰੱਖਦੀ ਹੈ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਿੱਖ ਗੁਰਮਤਿ ਪਰੰਪਰਾ ਨੇ ਸਿਧਾਂਤਕ ਹੀ ਨਹੀਂ, ਸਗੋਂ ਵਿਹਾਰਕ ਪੱਧਰ 'ਤੇ ਵੀ ਜਾਤੀ-ਵਿਵਸਥਾ ਨੂੰ ਚੁਣੌਤੀ ਦਿੱਤੀ। ਸੰਗਤ ਅਤੇ ਪੰਗਤ ਦੀ ਪ੍ਰਥਾ, ਅੰਤਰਜਾਤੀ ਵਿਆਹਾਂ ਦੀ ਪ੍ਰੇਰਣਾ, ਸਾਂਝੇ ਤੀਰਥ ਸਥਾਨਾਂ ਦੀ ਸਥਾਪਨਾ ਅਤੇ ਲੋਕ-ਭਾਸ਼ਾ ਵਿੱਚ ਬਾਣੀ ਰਚਨਾ—ਇਹ ਸਾਰੇ ਕਦਮ ਸਮਾਜਕ ਬਰਾਬਰੀ ਨੂੰ ਅਮਲ ਵਿੱਚ ਲਿਆਂਦੇ ਗਏ ਯਤਨ ਸਨ। ਆਦਿ ਗ੍ਰੰਥ ਦੀ ਸੰਪਾਦਕੀ ਰਚਨਾ ਅਤੇ ਉਸ ਦੀ ਆਧਿਆਤਮਿਕ ਦ੍ਰਿਸ਼ਟੀ ਨੇ ਭਾਰਤੀ ਸਮਾਜ ਵਿੱਚ ਇਕ ਨਵੀਂ ਸਮਾਨਤਾਵਾਦੀ ਚੇਤਨਾ ਨੂੰ ਮਜ਼ਬੂਤ ਆਧਾਰ ਦਿੱਤਾ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਜਿੱਥੇ ਜਾਤੀ ਪ੍ਰਥਾ ਨੇ ਮਨੁੱਖੀ ਏਕਤਾ ਨੂੰ ਕਮਜ਼ੋਰ ਕੀਤਾ, ਉੱਥੇ ਗੁਰਮਤਿ ਵਿਚਾਰਧਾਰਾ ਨੇ "ਇਕ ਨੂਰ ਤੇ ਸਭੁ ਜਗੁ ਉਪਜਿਆ" ਦੇ ਸਿਧਾਂਤ ਰਾਹੀਂ ਮਨੁੱਖਤਾ

ਨੂੰ ਇੱਕ ਸਾਂਝੀ ਲੜੀ ਵਿੱਚ ਪਰੋਣ ਦੀ ਕੋਸ਼ਿਸ਼ ਕੀਤੀ। ਇਸ ਲਈ ਨਿਸ਼ਚਿਤ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਜਾਤ-ਪਾਤ ਪ੍ਰਥਾ ਵਿਰੁੱਧ ਇੱਕ ਗਹਿਰੀ ਆਤਮਿਕ ਅਤੇ ਸਮਾਜਿਕ ਕ੍ਰਾਂਤੀ ਦੀ ਪ੍ਰਤੀਕ ਹੈ, ਜੋ ਮਨੁੱਖੀ ਬਰਾਬਰੀ, ਆਤਮਿਕ ਆਜ਼ਾਦੀ ਅਤੇ ਨਿਆਂਪੱਖੀ ਸਮਾਜ ਦੀ ਮਜ਼ਬੂਤ ਵਕਾਲਤ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *Williams, M. Monier. 1899. A Sanskrit - English Dictionary. Oxford Clarendon Press. P- 406*
2. *ਨਾਭਾ, ਭਾਈ ਕਾਨ੍ਹ ਸਿੰਘ. 2006. ਗੁਰਸ਼ਬਦ ਰਤਨਾਕਰ ਮਹਾਨ ਕੋਸ਼. ਨੈਸ਼ਨਲ ਬੁੱਕ ਸ਼ਾਪ. ਪਲੱਵੀਅਰ ਗਾਰਡਨ ਮਾਰਕੀਟ. ਚਾਂਦਨੀ ਚੌਂਕ. ਦਿੱਲੀ. ਪੰਨਾ: 1084.*
3. *ਜੱਗੀ, ਡਾ. ਰਤਨ ਸਿੰਘ. 2002. ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਦੂਜਾ ਜ ਤੋਂ ੜ). ਪਬਲੀਕੇਸ਼ਨ ਬਿਊਰੋ. ਪੰਜਾਬੀ ਯੂਨੀਵਰਸਿਟੀ. ਪਟਿਆਲਾ. ਪੰਨੇ- 470-471.*
4. *Griffith, Ralph T. H. 1896. (trans.) The Hymns of the Rigveda. Vol. 2. Benares: E. J. Lazarus and Co. P- 565*
5. *ਓਮ ਪ੍ਰਕਾਸ਼. 1993. ਪ੍ਰਾਚੀਨ ਭਾਰਤ ਦਾ ਸਮਾਜਿਕ ਅਤੇ ਆਰਥਿਕ ਇਤਿਹਾਸ (ਪੰਜਵਾਂ ਭਾਗ). ਨਿਊ ਏਜ ਇੰਟਰਨੈਸ਼ਨਲ ਪ੍ਰਾਈਵੇਟ ਲਿਮਿਟਡ. ਪੰਨਾ: 90.*
6. *William, A. Dairty Jr. 2008. International Encyclopaedia of Social Sciences. Volume 2. Macmillan Reference. USA. P- 37*
7. *ਦਿਵੇਦੀ, ਪੰਡਿਤ ਗਿਰਿਜਾ ਪ੍ਰਸਾਦ. 1917. (ਅਨੁ.) ਮਨੂਸਮ੍ਰਿਤੀ ਅਰਥਾਤ ਮਾਨਵਧਰਮਸ਼ਾਸਤਰ. ਨਵਲ ਕਿਸ਼ੋਰ ਪ੍ਰੈਸ. ਲਖਨਊ. ਪੰਨੇ- 292- 293.*
8. *-ਉਹੀ-, ਪੰਨਾ: 310.*
9. *ਝਾ, ਡੀ. ਐਨ. 1980. ਪ੍ਰਾਚੀਨ ਭਾਰਤ: ਇਕ ਰੂਪਰੇਖਾ. ਪੀਪਲਜ਼ ਪਬਲੀਕੇਸ਼ਨ ਹਾਊਸ. ਨਵੀਂ ਦਿੱਲੀ. ਪੰਨਾ: 15.*
10. *ਅਲਬਰੂਨੀ. ਗੁਰਚਰਨ ਸਿੰਘ ਅਰਸ਼ੀ. (ਅਨੁ.) 2000. ਅਲਹਿੰਦ. ਨੈਸ਼ਨਲ ਬੁੱਕ ਟਰਸਟ. ਇੰਡੀਆ. ਪੰਨਾ: 51.*
11. *ਸਿੱਧੂ, ਗੁਰਮੀਤ ਸਿੰਘ. 1999. ਭਾਰਤੀ ਸਮਾਜ ਦੇ ਮੂਲ ਆਧਾਰ. ਅਦਬ ਪ੍ਰਕਾਸ਼ਨ. ਪਟਿਆਲਾ. ਪੰਨਾ: 24.*
12. *ਕੀਰ, ਧਨੰਜੇ. ਡਾ. ਅੰਮ੍ਰਿਤ ਲਾਲ ਪਾਲ (ਅਨੁ.). 2011. ਡਾ. ਭੀਮ ਰਾਓ ਅੰਬੇਦਕਰ: ਜੀਵਨ ਤੇ ਮਿਸ਼ਨ. ਸੰਗਮ ਪਬਲੀਕੇਸ਼ਨ. ਸਮਾਣਾ. ਪੰਨਾ: 50.*
13. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ. ਰਾਗ ਗਉੜੀ. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ. ਅੰਮ੍ਰਿਤਸਰ. ਪੰਨਾ: 1128.*
14. *-ਉਹੀ-, ਰਾਗ ਗਉੜੀ. ਮਹੱਲਾ 5. ਪੰਨਾ: 1299*
15. *-ਉਹੀ-, ਰਾਗ ਆਸਾ. ਮਹੱਲਾ 1. ਪੰਨਾ: 350.*
16. *-ਉਹੀ-, ਸ੍ਰੀ ਰਾਗ. ਮਹੱਲਾ 1. ਪੰਨਾ: 83.*
17. *-ਉਹੀ-, ਰਾਗ ਆਸਾ. ਮਹੱਲਾ 1. ਪੰਨਾ: 474.*
18. *-ਉਹੀ-, ਰਾਗ ਗਉੜੀ. ਪੰਨਾ: 324.*
19. *-ਉਹੀ-, ਰਾਗ ਮਾਰੂ. ਮਹੱਲਾ 3. ਪੰਨਾ: 920.*
20. *-ਉਹੀ-, ਰਾਗ ਆਸਾ. ਮਹੱਲਾ 1. ਪੰਨਾ: 662.*
21. *-ਉਹੀ-, ਸ੍ਰੀ ਰਾਗ. ਮਹੱਲਾ 1. ਪੰਨਾ: 4.*
22. *-ਉਹੀ-, ਸੋਰਠਿ. ਮਹੱਲਾ 5. ਪੰਨਾ: 617.*
23. *-ਉਹੀ-, ਰਾਗ ਆਸਾ. ਪੰਨਾ: 346.*
24. *-ਉਹੀ-, ਰਾਗ ਆਸਾ. ਪੰਨਾ: 349.*
25. *-ਉਹੀ-, ਰਾਗ ਗਉੜੀ. ਪੰਨਾ: 1127.*
26. *-ਉਹੀ-, ਰਾਗ ਬਿਲਾਵਲ. ਪੰਨਾ: 12.*
27. *Grewal, J. S. 1990. The Sikhs of the Punjab. Cambridge University Press. P- 34- 36*



**Cite this Article-**

*ਗੁਰਪ੍ਰੀਤ ਸਿੰਘ (Gurpreet Singh) & ਸ਼ਿਲਪਾ ਰਾਣੀ (Shilpa Rani), ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਾਤੀ ਪ੍ਰਥਾ ਦਾ ਖੰਡਨ: ਸਮਾਨਤਾ ਦੇ ਦਰਸ਼ਨ ਦੀ ਸਮੀਖਿਆ (Shri Guru Granth Sahib Vich Jaati Pratha Da Khandan: Samanta De Darshan Di Samikheya), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 85-89.*

*Journal URL:* www.armaan.org.in

*DOI:* https://doi.org/10.64119/armaan.vol.4.issue1.15



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/